AQA

SPECIMEN MATERIAL

# GCSE
# PANJABI

## Higher Tier Paper 3 Reading

# H

Specimen 2019 | Morning | Time allowed: 1 hour

**You will need no other materials.**

**Instructions**
- Use black ink or black ball-point pen.
- Fill in the boxes at the bottom of this page.
- Answer **all** questions.
- You must answer all the questions in the spaces provided. Do not write on blank pages.
- In **Section A**, answer the questions in **English.** In **Section B,** answer the questions in **Panjabi**. In **Section C**, translate the passage into **English**.
- Do all rough work in this answer book. Cross through any work you do not want to be marked.

**Information**
- The marks for questions are shown in brackets.
- The maximum mark for this paper is 60.
- You must **not** use a dictionary.

Please write clearly, in block capitals, to allow character computer recognition.

Centre number ☐☐☐☐☐ Candidate number ☐☐☐☐

Surname ______________________

Forename(s) ______________________

Candidate signature ______________________

**Section A** Questions and answers in **English**

**0 1** **Mobile technology**

A newspaper has published the results of an online survey about the use of mobile phones in the Panjab. Read the summary of the results.

### ਮੋਬਾਇਲ ਫੋਨ

- 45% ਬੱਚੇ ਮੋਬਾਇਲ ਫੋਨ ਦੀ ਵਰਤੋਂ ਦਿਲ-ਪਰਚਾਵੇ ਲਈ ਕਰਦੇ ਹਨ। ਉਨ੍ਹਾਂ ਨੂੰ ਗੇਮਾਂ ਖੇਡਣ ਦੀ ਆਦਤ ਪੈ ਗਈ ਹੈ।
- 25% ਬੱਚੇ ਮੋਬਾਇਲ ਫੋਨ ਆਪਣੇ ਦੋਸਤਾਂ ਨਾਲ ਗੱਲ-ਬਾਤ ਕਰਨ ਲਈ ਵਰਤਦੇ ਹਨ।
- 20% ਬੱਚੇ ਮੋਬਾਇਲ ਫੋਨ ਦੀ ਵਰਤੋਂ ਆਪਣਾ ਸਕੂਲ ਦਾ ਕੰਮ ਕਰਨ ਲਈ ਕਰਦੇ ਹਨ।
- 5% ਬੱਚੇ ਦੇਸ਼ ਤੋਂ ਬਾਹਰ ਰਹਿੰਦੇ ਆਪਣੇ ਪਰਿਵਾਰ ਨੂੰ ਈਮੇਲ ਭੇਜਣ ਲਈ ਮੋਬਾਇਲ ਫੋਨ ਦੀ ਵਰਤੋਂ ਕਰਦੇ ਹਨ।

What percentage of young people use mobile phones for the following reasons?

Complete the boxes.

**0 1 . 1** To keep in touch with their friends ☐ %

**[1 mark]**

**0 1 . 2** For their studies ☐ %

**[1 mark]**

**0 1 . 3** To send emails to family living abroad ☐ %

**[1 mark]**

**0 1 . 4** What is the most popular reason for using a mobile?

________________________________________

**[1 mark]**

There are no questions printed on this page

DO NOT WRITE ON THIS PAGE

ANSWER IN THE SPACES PROVIDED

**0 2** **Career choices**

You are interested in finding out what young Panjabi people want to do and come across this article in a Panjabi magazine.

**ਪੰਜਾਬੀ ਬੱਚੇ ਕਿਹੜਾ ਕੰਮ ਕਰਨਾ ਚਾਹੁੰਦੇ ਹਨ ?**



ਇੱਕ ਸਰਵੇ ਤੋਂ ਪਤਾ ਲੱਗਿਆ ਹੈ ਕਿ ਬਹੁਤ ਸਾਰੇ ਪੰਜਾਬੀ ਬੱਚੇ ਹੁਣ ਡਾਕਟਰ ਨਹੀਂ ਬਣਨਾ ਚਾਹੁੰਦੇ। ਜ਼ਿਆਦਾ ਪੰਜਾਬੀ ਬੱਚੇ ਅਜਿਹਾ ਕੰਮ ਕਰਨਾ ਚਾਹੁੰਦੇ ਹਨ ਜਿਸ ਵਿੱਚ ਉਨ੍ਹਾਂ ਨੂੰ ਦਿਲਚਸਪੀ ਹੋਵੇ। ਉਹ ਇਹ ਸੋਚਦੇ ਹਨ ਕਿ ਡਾਕਟਰਾਂ ਨੂੰ ਪੈਸੇ ਘੱਟ ਮਿਲਦੇ ਹਨ ਪਰ ਕੰਮ ਜ਼ਿਆਦਾ ਕਰਨਾ ਪੈਂਦਾ ਹੈ।

ਬਹੁਤ ਹੀ ਘੱਟ ਪੰਜਾਬੀ ਬੱਚੇ ਹਨ ਜੋ ਸਕੂਲ ਦੀ ਪੜ੍ਹਾਈ ਖਤਮ ਕਰਕੇ ਕੋਈ ਕੰਮ ਸਿੱਖਣਾ ਚਾਹੁੰਦੇ ਹਨ।

**0 2 . 1** The majority of Panjabi young people want to do …

| | |
|---|---|
| **A** | an interesting job. |
| **B** | a highly-paid job. |
| **C** | a job with flexible hours. |

Write the correct letter in the box.

**[1 mark]**

**0 2 . 2** Why do young Panjabi people **not** want to be a doctor?

______________________________________________________________

**[1 mark]**

**0 2 . 3** For young Panjabi people an apprenticeship is …

| | |
|---|---|
| **A** | the most popular option. |
| **B** | more popular than going to university. |
| **C** | a less popular option. |

Write the correct letter in the box. ☐ **[1 mark]**

**0 3** **Festivals**

You read this blog about a disastrous celebration.

ਪਿਛਲੇ ਹਫਤੇ ਸਾਡੇ ਗੁਰਦੁਆਰੇ ਵਿੱਚ ਦੀਵਾਲੀ ਦਾ ਪ੍ਰੋਗਰਾਮ ਸੀ। ਜਦੋਂ ਘਰੋਂ ਤੁਰਨ ਲੱਗੇ ਤਾਂ ਕਾਰ ਸਟਾਰਟ ਨਾ ਹੋਵੇ ਕਿਉਂਕਿ ਕਾਰ ਦੀ ਬੈਟਰੀ ਖਤਮ ਹੋ ਗਈ ਸੀ। ਗੁਰਦੁਆਰੇ ਵਿੱਚ ਕਿਸੇ ਨੇ ਗਲਤੀ ਨਾਲ ਬਲਦੀ ਹੋਈ ਮੋਮਬੱਤੀ ਬਾਹਰ ਪਈ ਚਾਦਰ ਤੇ ਸੁੱਟ ਦਿੱਤੀ ਜਿਸ ਨਾਲ ਤੰਬੂ ਨੂੰ ਅੱਗ ਲੱਗ ਗਈ। ਕਿਸੇ ਨੇ ਝੱਟ-ਪਟ ਐਮਰਜੈਂਸੀ ਨੂੰ ਫੋਨ ਕਰ ਦਿੱਤਾ ਅਤੇ ਬਹੁਤ ਜਲਦੀ ਐਂਬੂਲੈਂਸ ਵੀ ਆ ਗਈ। ਲੋਕਾਂ ਨੇ ਕਾਰਾਂ ਗਲਤ ਜਗ੍ਹਾ ਤੇ ਖੜ੍ਹੀਆਂ ਕੀਤੀਆ ਹੋਈਆਂ ਸਨ ਇਸ ਕਰਕੇ ਐਂਬੂਲੈਂਸ ਨੂੰ ਗੁਰਦੁਆਰੇ ਅੰਦਰ ਲਿਆਉਣਾ ਔਖਾ ਹੋ ਗਿਆ। ਫਿਰ ਅੱਗ ਬੁਝਾਉਣ ਵਾਲੇ ਇੰਜਣ ਨੂੰ ਗੁਰਦੁਆਰੇ ਤੋਂ ਦੂਰ ਖੜ੍ਹਾ ਕਰਨਾ ਪਿਆ ਕਿਉਂਕਿ ਗਲੀ ਬਹੁਤ ਭੀੜੀ ਸੀ।

Complete the grids below in **English** to indicate what the problems were and why.

| | | Problem | Reason | |
|---|---|---|---|---|
| **Example:** | **Car** | won't start | flat battery | |
| **0 3 . 1** | **Gurdwara** | | | **[2 marks]** |
| **0 3 . 2** | **Ambulance** | | | **[2 marks]** |
| **0 3 . 3** | **Fire brigade** | | | **[2 marks]** |

**0 4** **Social media**

You are doing a project about social media in the Panjab. Read these posts that you find on a Panjabi website.

Answer the questions in **English**.



ਮੈਨੂੰ ਤਾਂ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਦੋਸਤਾਂ ਨੂੰ ਖੁਸ਼ ਕਰਨ ਵਿੱਚ ਕੁਝ ਗਲਤ ਨਜ਼ਰ ਨਹੀਂ ਆਉਂਦਾ। ਮੈ ਅਕਸਰ ਹਾਸੇ ਵਾਲੀਆਂ ਵੀਡੀਓ ਬਣਾ ਕੇ ਵਟਸ ਐਪ ਤੇ ਦੋਸਤਾਂ ਨੂੰ ਭੇਜਦਾ ਰਹਿੰਦਾ ਹਾਂ। ਸੋਸ਼ਲ ਮੀਡੀਆ ਤੇ ਭੇਜੀਆਂ ਵਿਡੀਓ ਫਿਲਮਾਂ ਨਾਲ ਜੇ ਕਿਸੇ ਦਾ ਦਿਲ ਦੁਖਦਾ ਹੈ ਤਾਂ ਮੈਨੂੰ ਇਸ ਦੀ ਕੋਈ ਪਰਵਾਹ ਨਹੀਂ? ਅਜਿਹੀਆਂ ਵਿਡੀਓ ਫਿਲਮਾਂ ਨੂੰ ਰੋਕਣਾ ਸਰਕਾਰ ਦੀ ਜ਼ਿੰਮੇਵਾਰੀ ਹੈ, ਮੇਰੀ ਨਹੀਂ।

**ਰਾਜਨ**



ਰਾਜਨ ਤੂੰ ਇਸ ਤਰ੍ਹਾਂ ਕਿਵੇਂ ਲਿਖ ਸਕਦਾ ਹੈ? ਤੇਰੇ ਵਰਗੇ ਲੋਕ ਹੀ ਹਨ ਜੋ ਸੋਸ਼ਲ ਮੀਡੀਆ ਦੀ ਗਲਤ ਵਰਤੋਂ ਕਰਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਉਹ ਹਾਦਸੇ ਵਿੱਚ ਜ਼ਖਮੀ ਲੋਕਾਂ ਦੀ ਮਦਦ ਕਰਨ ਦੀ ਬਜਾਏ ਵਿਡੀਓ ਫਿਲਮ ਬਣਾਉਣਾ ਜ਼ਿਆਦਾ ਜ਼ਰੂਰੀ ਸਮਝਦੇ ਹਨ। ਸਾਨੂੰ ਸਾਰਿਆਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਪੂਰੀ ਜ਼ਿੰਮੇਵਾਰੀ ਨਾਲ ਕਰਨੀ ਚਾਹੀਦੀ ਹੈ। ਇਕੱਲੀ ਸਰਕਾਰ ਕੁਝ ਨਹੀਂ ਕਰ ਸਕਦੀ।

**ਪ੍ਰੀਆ**

**0 4 . 1** Why is Rajan's attitude towards social media irresponsible?

**[1 mark]**

**0 4 . 2** How does Priya feel about Rajan's attitude?

**[1 mark]**

**0 4 . 3** What is Priya's view about the use of social media?

**[1 mark]**

**Turn over ▶**

**0 5** **Holidays**

Read these posts by two students in a blog about their future holidays.



ਮੈਂ ਤਾਂ ਆਪਣੀਆਂ ਛੁੱਟੀਆਂ ਵਿੱਚ ਪੰਜਾਬ ਜਾਣਾ ਚਾਹੁੰਦਾ ਹਾਂ ਤਾਂ ਕਿ ਆਪਣੇ ਮਾਸੀ, ਮਾਸੜ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਮਿਲ ਸਕਾਂ। ਜੇ ਮੌਕਾ ਮਿਲਿਆ ਤਾਂ ਮੈਂ ਆਪਣੇ ਮਨਪਸੰਦ ਐਕਟਰ ਹਰਿਤਿਕ ਰੋਸ਼ਨ ਨੂੰ ਮਿਲਣ ਮੁੰਬਈ ਜਾਵਾਂਗਾ। ਉੱਥੇ ਮੇਰੇ ਚਾਚਾ ਜੀ ਰਹਿੰਦੇ ਹਨ ਇਸ ਕਰਕੇ ਰਹਿਣ ਵਾਸਤੇ ਜਗ੍ਹਾ ਲੱਭਣ ਦੀ ਵੀ ਕੋਈ ਲੋੜ ਨਹੀਂ। ਮੈਂ ਆਪਣੀਆਂ ਛੁੱਟੀਆਂ ਲਈ ਪਾਰਟ-ਟਾਈਮ ਕੰਮ ਕਰਕੇ ਕੁਝ ਪੈਸੇ ਜੋੜੇ ਹਨ ਜੇ ਲੋੜ ਪਈ ਤਾਂ ਮੇਰੇ ਮਾਪੇ ਹੋਰ ਪੈਸੇ ਭੇਜ ਦੇਣਗੇ।

**ਗੁਰਪਰੀਤ**

**0 5 . 1** Which **two** statements are true? Write the correct letters in the boxes.

| | |
|---|---|
| **A** | Gurpreet wants to see his relatives. |
| **B** | Gurpreet is not fond of Bollywood films. |
| **C** | Gurpreet will have to arrange accommodation in Mumbai. |
| **D** | Gurpreet's parents will support him. |

[ ] [ ]

**[2 marks]**



ਐਸੀ ਕੋਈ ਗੱਲ ਨਹੀਂ ਕਿ ਮੈਨੂੰ ਪੰਜਾਬ ਦੇ ਲੋਕਾਂ ਨਾਲ ਨਫਰਤ ਹੈ। ਮੇਰੇ ਖਿਆਲ ਵਿੱਚ ਛੁੱਟੀਆਂ ਵਿੱਚ ਪੰਜਾਬ ਜਾਣ ਦਾ ਕੋਈ ਫਾਇਦਾ ਨਹੀਂ ਕਿਉਂਕਿ ਰਿਸ਼ਤੇਦਾਰਾਂ ਦੇ ਦੁੱਖ ਸੁਣਕੇ ਤੁਹਾਡੇ ਮਨ ਦਾ ਬੋਝ ਘਟਦਾ ਨਹੀਂ ਸਗੋਂ ਹੋਰ ਵਧ ਜਾਂਦਾ ਹੈ। ਇਸ ਗੱਲ ਦੀ ਵੀ ਕੋਈ ਗਰੰਟੀ ਨਹੀਂ ਕਿ ਤੁਸੀਂ ਘੁੰਮਣ ਫਿਰਨ ਵਾਲੀਆਂ ਸਾਰੀਆਂ ਥਾਂਵਾਂ ਵੇਖ ਸਕੋ ਕਿਉਂਕਿ ਆਮ ਤੌਰ ਤੇ ਰਿਸ਼ਤੇਦਾਰਾਂ ਨੂੰ ਮਿਲਦਿਆਂ ਹੀ ਸਾਰੀਆਂ ਛੁੱਟੀਆਂ ਲੰਘ ਜਾਂਦੀਆਂ ਹਨ। ਮੈਂ ਤਾਂ ਛੁੱਟੀਆਂ ਸਪੇਨ ਵਿੱਚ ਮਨਾਉਣ ਦੇ ਹੱਕ ਵਿੱਚ ਹਾਂ।

**ਜਸਬੀਰ**

**0 5 . 2** Which **two** statements are true? Write the correct letters in the boxes.

| | |
|---|---|
| **A** | Jasbir prefers to go on holiday with her friends. |
| **B** | Jasbir finds it difficult to relax in the Panjab. |
| **C** | Jasbir enjoys meeting relatives in the Panjab. |
| **D** | Jasbir intends to go on holiday to Spain. |

☐ ☐

**[2 marks]**

**0 6** **Family relationships**

Your Panjabi friend has sent you a magazine. You read Sunita's letter to the problem page.

ਪਿਛਲੇ ਹਫਤੇ, ਮੇਰੇ ਮਾਤਾ ਜੀ ਨੇ ਮੇਰੇ ਫੋਨ ਤੇ ਕੁਝ ਸੁਨੇਹੇ ਪੜ੍ਹ ਲਏ ਜੋ ਇੱਕ ਮੁੰਡੇ ਦੇ ਸਨ ਜੋ ਮੈਨੂੰ ਬਹੁਤ ਪਿਆਰ ਕਰਦਾ ਹੈ। ਮੈਂ ਮਾਤਾ ਜੀ ਨੂੰ ਇਸ ਕਰਕੇ ਨਹੀਂ ਦੱਸਿਆ ਕਿਉਂਕਿ ਮੈਂ ਡਰਦੀ ਸੀ। ਹੁਣ, ਮੇਰੇ ਮਾਤਾ ਜੀ ਮੇਰੇ ਨਾਲ ਗੱਲਬਾਤ ਨਹੀਂ ਕਰਦੇ।

ਮੈਂ ਆਪਣੇ ਪਿਤਾ ਜੀ ਨਾਲ ਕੋਈ ਗੱਲ ਨਹੀਂ ਕਰਨਾ ਚਾਹੁੰਦੀ ਕਿਉਂਕਿ ਉਨ੍ਹਾਂ ਦਾ ਸੁਭਾਅ ਬਹੁਤ ਸਖਤ ਹੈ। ਮੇਰਾ ਭਰਾ ਕਹਿੰਦਾ ਹੈ ਕਿ ਮੈਨੂੰ ਆਪਣੇ ਮਾਂ-ਬਾਪ ਦੀ ਗੱਲ ਸੁਣਨੀ ਚਾਹੀਦੀ ਹੈ। ਮੈਂ ਚਾਹੁੰਦੀ ਹਾਂ ਕਿ ਮੇਰੇ ਮਾਪੇ ਇੱਕ ਵਾਰੀ ਉਸ ਮੁੰਡੇ ਨੂੰ ਮਿਲ ਲੈਣ ਪਰ ਉਹ ਮੇਰੀ ਗੱਲ ਸੁਣਨ ਨੂੰ ਤਿਆਰ ਨਹੀਂ।

ਮੇਰੇ ਦਾਦੀ ਜੀ ਮੈਨੂੰ ਬਹੁਤ ਪਿਆਰ ਕਰਦੇ ਹਨ, ਉਹ ਮੇਰੀ ਮਦਦ ਕਰ ਸਕਦੇ ਹਨ ਪਰ ਉਹ ਇੰਡੀਆ ਗਏ ਹੋਏ ਹਨ।

ਕੱਲ੍ਹ ਮੇਰੀ ਮਾਤਾ ਜੀ ਨੇ ਮੈਨੂੰ ਕਿਹਾ ਹੈ ਕਿ ਜੇ ਮੈਂ ਉਸ ਮੁੰਡੇ ਨੂੰ ਮਿਲਣਾ ਨਾ ਛੱਡਿਆ ਤਾਂ ਉਹ ਮੈਨੂੰ ਘਰੋਂ ਬਾਹਰ ਕੱਢ ਦੇਵੇਗੀ। ਮੈਂ ਉਸ ਮੁੰਡੇ ਤੋਂ ਬਗੈਰ ਰਹਿ ਨਹੀਂ ਸਕਦੀ ਅਤੇ ਆਪਣੇ ਮਾਤਾ, ਪਿਤਾ ਤੇ ਭਰਾ ਨੂੰ ਵੀ ਨਹੀਂ ਛੱਡਣਾ ਚਾਹੁੰਦੀ। ਮੈਂ ਬਹੁਤ ਪ੍ਰੇਸ਼ਾਨ ਹਾਂ! ਕ੍ਰਿਪਾ ਕਰਕੇ ਮੈਨੂੰ ਦੱਸਣਾ ਕਿ ਮੈਂ ਕੀ ਕਰਾਂ?

**ਸੁਨੀਤਾ**

**0 6 . 1** What happened to Sunita last week?

| | |
|---|---|
| **A** | Her mum read her text messages. |
| **B** | Her mum read her diary. |
| **C** | Her mum read her emails. |

Write the correct letter in the box. ☐

**[1 mark]**

**0 6 . 2** How does her mum feel at the moment?

| | |
|---|---|
| **A** | Anxious |
| **B** | Concerned |
| **C** | Angry |

Write the correct letter in the box. ☐

**[1 mark]**

**0 6 . 3** What does Sunita's brother suggest she should do?

| | |
|---|---|
| **A** | Listen to her parents. |
| **B** | Apologise to her parents. |
| **C** | Do what she likes. |

Write the correct letter in the box. **[1 mark]**

**0 6 . 4** Who does Sunita think could help her?

| | |
|---|---|
| **A** | Her aunt |
| **B** | Her grandmother |
| **C** | Her grandfather |

Write the correct letter in the box. **[1 mark]**

**0 6 . 5** How does Sunita feel now?

| | |
|---|---|
| **A** | Distressed |
| **B** | Angry |
| **C** | Guilty |

Write the correct letter in the box. **[1 mark]**

**0 7** **Television**

Read what these two people say in a forum about TV. Identify the people.

Write **A** (ਅਲੀਸ਼ਾ)
**B** (ਸੂਰਜ)
**A+B** (ਅਲੀਸ਼ਾ + ਸੂਰਜ)

| ਤੁਸੀਂ ਟੀ. ਵੀ. ਕਦੋਂ ਵੇਖਦੇ ਹੋ ? | | | |
|---|---|---|---|
| **ਅਲੀਸ਼ਾ**  | ਮੈਂ ਟੈਲੀਵਿਜ਼ਨ ਦੇਖਣਾ ਬਹੁਤ ਪਸੰਦ ਕਰਦੀ ਹਾਂ। ਸਕੂਲ ਦਾ ਕੰਮ ਕਰਦੇ ਹੋਏ, ਮੈਂ ਟੈਲੀਵਿਜ਼ਨ ਪ੍ਰੋਗਰਾਮਾਂ ਦਾ ਮਜ਼ਾ ਲੈਂਦੀ ਹਾਂ। | **ਸੂਰਜ**  | ਮੈਂ ਸਕੂਲ ਦਾ ਕੰਮ ਕਰਨ ਵੇਲੇ ਲੈਪਟੌਪ ਤੇ ਟੈਲੀਵਿਜ਼ਨ ਪ੍ਰੋਗਰਾਮ ਦੇਖਦਾ ਹਾਂ। |

**0 7 . 1** Who does their homework whilst watching TV? ☐ **[1 mark]**

| ਕੀ ਤੁਹਾਨੂੰ ਸਟੇਡੀਅਮ ਵਿੱਚ ਜਾ ਕੇ ਫੁਟਬਾਲ ਮੈਚ ਵੇਖਣੇ ਪਸੰਦ ਹਨ ? | | | |
|---|---|---|---|
| **ਅਲੀਸ਼ਾ**  | ਫੁਟਬਾਲ ਮੈਚ ਵੇਖਣ ਲਈ ਟਿਕਟ ਬਹੁਤ ਮਹਿੰਗੇ ਮਿਲਦੇ ਹਨ। ਕਈ ਵਾਰੀ ਇੱਕ ਟੀਮ ਦੇ ਹਿਮਾਇਤੀ ਦੂਜੀ ਟੀਮ ਦੇ ਹਿਮਾਇਤੀਆਂ ਨਾਲ ਲੜ ਪੈਂਦੇ ਹਨ, ਜਿਸ ਨਾਲ ਮੈਚ ਦਾ ਸਾਰਾ ਮਜ਼ਾ ਹੀ ਖਰਾਬ ਹੋ ਜਾਂਦਾ ਹੈ । ਇਸ ਤੋਂ ਵਧੀਆ ਤਾਂ ਇਹ ਹੈ ਕਿ ਘਰ ਬੈਠ ਕੇ ਟੈਲੀਵਿਜ਼ਨ ਤੇ ਫੁਟਬਾਲ ਦਾ ਮੈਚ ਵੇਖੋ। | **ਸੂਰਜ**  | ਫੁਟਬਾਲ ਸਟੇਡੀਅਮ ਵਿੱਚ ਜਾ ਕੇ ਮੈਚ ਦੇਖਣ ਦਾ ਮਜ਼ਾ ਹੀ ਕੁਝ ਹੋਰ ਹੈ। ਤੁਹਾਨੂੰ ਆਪਣੀ ਮਨਪਸੰਦ ਫੁਟਬਾਲ ਟੀਮ ਨੂੰ ਖੇਡਦੇ ਦੇਖ ਕੇ ਬੜਾ ਆਨੰਦ ਆਉਂਦਾ ਹੈ। ਕਈ ਵਾਰੀ ਤੁਹਾਨੂੰ ਆਪਣੀ ਪਸੰਦ ਦੇ ਖਿਡਾਰੀ ਨੂੰ ਮਿਲਣ ਅਤੇ ਉਸਦੇ ਦਸਖਤ ਲੈਣ ਦਾ ਮੌਕਾ ਵੀ ਮਿਲ ਜਾਂਦਾ ਹੈ। |

**0 7 . 2** Who does **not** enjoy watching live football matches? ☐ **[1 mark]**

| ਕੁਦਰਤ ਵਾਲੇ ਪ੍ਰੋਗਰਾਮਾਂ ਬਾਰੇ ਤੁਹਾਡਾ ਕੀ ਖਿਆਲ ਹੈ ? | | | |
|---|---|---|---|
| **ਅਲੀਸ਼ਾ**  | ਮੈਨੂੰ ਨਦੀਆਂ, ਪਹਾੜ, ਪੰਛੀ ਅਤੇ ਜੰਗਲੀ ਜਾਨਵਰ ਬਹੁਤ ਪਸੰਦ ਹਨ। ਇਸ ਤਰ੍ਹਾਂ ਦੇ ਪ੍ਰੋਗਰਾਮ ਦੇਖ ਕੇ ਮੈਂ ਆਪਣੇ ਆਪ ਨੂੰ ਕੁਦਰਤ ਦੇ ਬਹੁਤ ਨੇੜੇ ਮਹਿਸੂਸ ਕਰਦੀ ਹਾਂ। | **ਸੂਰਜ**  | ਸ਼ੇਰ, ਚੀਤੇ ਅਤੇ ਸੱਪ ਬਹੁਤ ਹੀ ਖਤਰਨਾਕ ਜਾਨਵਰ ਹਨ। ਜੇ ਇਸ ਤਰ੍ਹਾਂ ਦੇ ਪ੍ਰੋਗਰਾਮ ਟੈਲੀਵਿਜ਼ਨ ਤੇ ਚਲਦੇ ਹੋਣ ਤਾਂ ਮੈਂ ਉਸੇ ਵੇਲੇ ਬੰਦ ਕਰ ਦਿੰਦਾ ਹਾਂ। |

**0 7 . 3** Who enjoys watching nature programmes?

☐ **[1 mark]**

**0 8** **Separation**

Read this poem '*Pritam chho* ' in which Bhai Veer Singh talks about the pain of separation.

ਤੁਸੀਂ ਤੋੜਿਆ ਅਸੀਂ ਟੁਟ ਗਏ
ਵਿਛੜ ਗਏ ਸੀ ਟਾਹਣੀ ਨਾਲੋਂ,
ਤੁਸੀਂ ਸੁੰਘ ਕੇ ਸੀਨੇ ਲਾ ਪਰੇ ਸੁਟਿਆ
ਵਿਛੜ ਗਏ ਤੁਹਾਡੇ ਨਾਲੋਂ।
ਮਿੱਧ ਕੇ ਪੈਰਾਂ ਹੇਠ ਲੰਘ ਗਏ ਕੋਲੋਂ
ਕੀਤਾ ਪੰਖੜੀ ਪੰਖੜੀ
ਪਰ ਸ਼ੁਕਰੀਆ ਛੋਹ ਤੁਹਾਡੀ ਦਾ
ਜੋ ਨਾ ਭੁਲਦਾ ਸਾਨੂੰ !

**0 8 . 1** What is separating in this poem?

| | |
|---|---|
| **A** | Branch |
| **B** | Leaf |
| **C** | Flower |

Write the correct letter in the box. ☐

**[1 mark]**

**0 8 . 2** How was the object in the poem treated?

______________________________________________

______________________________________________

**[1 mark]**

**0 8 . 3** Why was the experience in the poem unforgettable?

______________________________________________

______________________________________________

**[1 mark]**

## 0 9 School meals

You receive an email message from your friend Ravinder about school meals. Read the message and answer the questions in **English**.

Reply

From... Ravinder@hotmail.live.co.in

Subject: ਸਕੂਲ ਦਾ ਖਾਣਾ

ਸਤੰਬਰ ਵਿੱਚ, ਸਾਡੇ ਸਕੂਲ ਨੇ ਕੰਟੀਨ ਦੇ ਪ੍ਰਬੰਧ ਦਾ ਠੇਕਾ ਇੱਕ ਨਵੀਂ ਕੰਪਨੀ ਨੂੰ ਦਿੱਤਾ ਸੀ।
ਸਾਡੇ ਸਕੂਲ ਦੀ ਕੰਟੀਨ ਵਿੱਚ ਹਰ ਤਰ੍ਹਾਂ ਦਾ ਖਾਣਾ ਮਿਲਦਾ ਹੈ ਪਰ ਖਾਣਾ ਮਹਿੰਗਾ ਅਤੇ ਠੰਡਾ ਹੁੰਦਾ ਹੈ।
ਕਈ ਵਾਰੀ ਮੁੱਖ ਅਧਿਆਪਕ ਨੂੰ ਸ਼ਿਕਾਇਤ ਕਰ ਚੁੱਕੇ ਹਾਂ ਪਰ ਸਾਡੀ ਗੱਲ ਕੋਈ ਨਹੀਂ ਸੁਣਦਾ।
ਮੈਂ ਤਾਂ ਆਪਣਾ ਦੁਪਹਿਰ ਦਾ ਖਾਣਾ ਘਰੋਂ ਲੈ ਕੇ ਜਾਂਦਾ ਹਾਂ।
ਮੇਰੇ ਖਿਆਲ ਵਿੱਚ ਸਕੂਲ ਨੇ ਨਵੀਂ ਕੰਪਨੀ ਨੂੰ ਕੰਟੀਨ ਦਾ ਠੇਕਾ ਦੇ ਕੇ ਬਹੁਤ ਵੱਡੀ ਗਲਤੀ ਕੀਤੀ ਹੈ!

**0 9 . 1** How does Ravinder feel about his school meals?

______________________________

**[1 mark]**

**0 9 . 2** Give a reason for his view.

______________________________

**[1 mark]**

**Section B** Questions and answers in **Panjabi**

## 1 0 ਮੇਰੀ ਪੜ੍ਹਾਈ

ਤੁਸੀਂ ਜਸਵੀਰ ਦੀ ਸਕੂਲ ਦੀ ਪੜ੍ਹਾਈ ਬਾਰੇ ਈ ਮੇਲ ਪੜ੍ਹਦੇ ਹੋ।

Reply

From... jasbir421@hotmail.in

Subject: ਮੇਰੀ ਪੜ੍ਹਾਈ

ਹੈਲੋ

ਮੈਂ ਬਹੁਤ ਖੁਸ਼ ਹਾਂ ਕਿਉਂਕਿ ਮੇਰੇ ਜੀ. ਸੀ. ਐੱਸ. ਈ. ਵਿੱਚ ਚੰਗੇ ਗਰੇਡ ਆਏ ਹਨ। ਮੇਰੇ ਫੋਰਮ ਟਿਊਟਰ ਦਾ ਖਿਆਲ ਹੈ ਕਿ ਜੇ ਮੈਂ ਇਸ ਸਾਲ ਸਖਤ ਮਿਹਨਤ ਕੀਤੀ ਤਾਂ ਮੇਰੇ 'ਏ' ਲੈਵਲ ਵਿੱਚ ਵੀ ਚੰਗੇ ਗਰੇਡ ਆ ਸਕਦੇ ਹਨ। ਮੇਰੀ ਭੈਣ ਇਸ ਸਾਲ ਕਾਨੂੰਨ ਦੀ ਪੜ੍ਹਾਈ ਕਰ ਰਹੀ ਹੈ। ਅਗਲੇ ਸਾਲ, ਮੈਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਇੱਕ ਹਸਪਤਾਲ ਵਿੱਚ ਕੰਮ ਕਰਾਂਗੀ ਅਤੇ ਉਸ ਤੋਂ ਬਾਅਦ ਯੂਨੀਵਰਸਟੀ ਵਿੱਚ ਡਾਕਟਰੀ ਦੀ ਪੜ੍ਹਾਈ ਕਰਾਂਗੀ।

ਲਿਖਣਾ, ਅੱਜ ਕੱਲ੍ਹ ਤੁਸੀਂ ਕਿਹੜੀ ਪੜ੍ਹਾਈ ਕਰ ਰਹੇ ਹੋ ?

ਤੇਰੀ ਭੈਣ

ਜਸਬੀਰ

ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

**1 0 . 1** ਜਸਬੀਰ ਕਿਉਂ ਖੁਸ਼ ਹੈ ?

_______________________________________________

**[1 mark]**

**1 0 . 2** ਜਸਬੀਰ ਦੇ ਫੋਰਮ ਟਿਊਟਰ ਦਾ ਉਸ ਦੀ 'ਏ' ਲੈਵਲ ਦੀ ਪੜ੍ਹਾਈ ਬਾਰੇ ਕੀ ਖਿਆਲ ਹੈ ? ਦੋ ਗੱਲਾਂ ਲਿਖੋ।

1 _______________________________________________

2 _______________________________________________

**[2 marks]**

**1 0 . 3** ਜਸਬੀਰ ਦੀ ਭੈਣ ਇਸ ਸਾਲ ਕੀ ਕਰ ਰਹੀ ਹੈ ?

______________________________________________

**[1 mark]**

**1 0 . 4** ਅਗਲੇ ਸਾਲ ਜਸਬੀਰ ਕੀ ਕਰੇਗੀ ? ਦੋ ਗੱਲਾਂ ਲਿਖੋ ।

1 ______________________________________________

2 ______________________________________________

**[2 marks]**

**1 1** **ਹੀਰ ਦਾ ਰਾਂਝੇ □ ਚੂਚਕ ਕੋਲ ਲੈ ਜਾਣਾ**

ਤੁਸੀਂ 'ਕਿੱਸਾ ਹੀਰ ਵਾਰਸ ਸ਼ਾਹ' ਦਾ ਇਹ ਹਿੱਸਾ ਪੜ੍ਹਦੇ ਹੋ।

ਹੇਠ ਲਿਖੀ ਵਾਰਤਾ ਨੂੰ ਇਸ ਦੇ ਹੇਠਾਂ ਵਾਲੀ ਲਿਸਟ ਵਿੱਚੋਂ ਸ਼ਬਦਾਂ ਨਾਲ ਪੂਰਾ ਕਰੋ।

ਰਾਂਝਾ ਭਰਜਾਈਆਂ ਨਾਲ ਗੁੱਸੇ ਹੋ ਕੇ ਹੀਰ ਦੇ ਪਿੰਡ ਝੰਗ ਸਿਆਲ ਆ ਗਿਆ। ਜਦੋਂ ਹੀਰ ਨੇ ਰਾਂਝੇ ਨੂੰ ਦੇਖਿਆ ਤਾਂ

**ਉਦਾਹਰਣ**

ਉਸ ਨੂੰ ਪਹਿਲੀ ਨਜ਼ਰ ਵਿੱਚ ਹੀ ਰਾਂਝੇ ਨਾਲ [ 4 ] ਹੋ ਗਿਆ। ਹੀਰ ਨੇ ਆਪਣੇ ਪਿਓ ਕੋਲ ਰਾਂਝੇ ਦੀ ਸਿਫ਼ਾਰਸ਼ ਕੀਤੀ ਅਤੇ ਉਸ ਨੂੰ [ ] ਚਾਰਨ ਲਈ ਰੱਖ ਲਿਆ। ਹੀਰ ਹਰ ਰੋਜ਼ ਰਾਂਝੇ ਲਈ ਜੰਗਲ ਵਿੱਚ ਖਾਣਾ ਲੈ ਕੇ ਜਾਂਦੀ। ਉਸ ਦਾ ਚਾਚਾ ਕੈਦੋਂ ਹੀਰ ਰਾਂਝੇ ਦੇ ਪਿਆਰ ਤੋਂ [ ] ਸੀ। ਇਸ ਲਈ ਉਸ ਨੇ ਇੱਕ ਦਿਨ ਸਾਧੂ ਦੇ ਭੇਸ ਵਿੱਚ ਧੋਖੇ ਨਾਲ ਰਾਂਝੇ ਕੋਲੋਂ ਕੁਝ ਚੂਰੀ ਲੈ ਲਈ ਅਤੇ ਘਰ ਆ ਕੇ ਹੀਰ ਦੇ ਮਾਪਿਆਂ ਨੂੰ ਦਿਖਾਈ। ਹੀਰ ਦੇ ਬਾਪ ਨੇ ਰਾਂਝੇ ਦੀ ਕੰਮ ਤੋਂ [ ] ਕਰ ਦਿੱਤੀ। ਰਾਂਝਾ ਵਾਪਸ ਆਪਣੇ ਭਾਈਆਂ ਕੋਲ ਤਖ਼ਤ ਹਜ਼ਾਰੇ ਚਲਾ ਗਿਆ। ਹੀਰ ਦੇ ਮਾਪਿਆਂ ਨੇ ਹੀਰ ਦਾ ਵਿਆਹ ਸੈਦੇ ਖੇੜੇ ਨਾਲ [ ] ਕਰ ਦਿੱਤਾ।

ਸਹੀ ਸ਼ਬਦ ਦੇ ਸਾਹਮਣੇ ਵਾਲਾ ਨੰਬਰ ਖਾਨੇ ਵਿੱਚ ਲਿਖੋ।

| | |
|---|---|
| **1** | ਕੰਮ |
| **2** | ਪੱਕਾ |
| **3** | ਜਲਦਾ |
| **4** | ਪਿਆਰ |
| **5** | ਮੱਝਾਂ |
| **6** | ਛੁੱਟੀ |
| **7** | ਪਸੰਦ |

**[4 marks]**

**1 2** **ਸਿਹਤ**

ਤੁਸੀਂ ਪੰਜਾਬੀ ਰਸਾਲੇ ਵਿੱਚ ਸਿਹਤਮੰਦ ਰਹਿਣ ਲਈ ਕੁਝ ਗੱਲਾਂ ਪੜ੍ਹਦੇ ਹੋ। ਪੰਜਾਬੀ ਵਿੱਚ ਉੱਤਰ ਲਿਖੋ।

| |
|---|
| ਸਮੋਸੇ, ਪਕੌੜੇ ਅਤੇ ਭਟੂਰੇ ਖਾਣੇ ਕਿਸ ਨੂੰ ਚੰਗੇ ਨਹੀਂ ਲਗਦੇ ਪਰ ਕੀ ਇਹ ਚੀਜ਼ਾਂ ਖਾਣੀਆਂ ਸਿਹਤ ਲਈ ਚੰਗੀਆਂ ਹਨ? ਕਦੇ ਕਦਾਈ ਇਹ ਚੀਜ਼ਾਂ ਖਾਣੀਆਂ ਸਿਹਤ ਲਈ ਠੀਕ ਹਨ ਪਰ ਲਗਾਤਾਰ ਇਹ ਚੀਜ਼ਾਂ ਖਾਣ ਨਾਲ ਤੁਹਾਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। |

**1 2 . 1** ਸਿਹਤਮੰਦ ਰਹਿਣ ਲਈ ਤੁਹਾਨੂੰ ਉੱਪਰ ਲਿਖੇ ਖਾਣੇ, ਖਾਣ ਬਾਰੇ ਕੀ ਸਲਾਹ ਦਿੱਤੀ ਗਈ ਹੈ?

______________________________

**[1 mark]**

| |
|---|
| ਜ਼ਿਆਦਾ ਟੀ. ਵੀ. ਦੇਖਣ ਨਾਲ ਤੁਹਾਡੇ ਕੰਮ ਪਿੱਛੇ ਪੈ ਜਾਂਦੇ ਹਨ ਤੇ ਘਰ ਵਿੱਚ ਬੈਠਣ ਨਾਲ ਤੁਸੀਂ ਕਿਸੇ ਨੂੰ ਮਿਲ ਵੀ ਨਹੀਂ ਸਕਦੇ। |

**1 2 . 2** ਇਸ ਵਾਰਤਾ ਵਿੱਚ ਜ਼ਿਆਦਾ ਟੀ. ਵੀ. ਦੇਖਣ ਦੇ ਕੀ ਨੁਕਸਾਨ ਦੱਸੇ ਗਏ ਹਨ?

______________________________

**[1 mark]**

**1 3** **ਬੇਘਰੇ ਲੋਕ**

ਦਿੱਲੀ ਬਾਰੇ ਰਿਪੋਰਟ ਦਾ ਇੱਕ ਹਿੱਸਾ ਪੜ੍ਹੋ। ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ।

ਦਿੱਲੀ ਭਾਰਤ ਦਾ ਇੱਕ ਬਹੁਤ ਹੀ ਖੂਬਸੂਰਤ ਅਤੇ ਇਤਿਹਾਸਕ ਸ਼ਹਿਰ ਹੈ। ਇੱਥੇ ਬਹੁਤ ਸਾਰੀਆਂ ਦੇਖਣਯੋਗ ਥਾਂਵਾਂ ਹਨ। ਇਨ੍ਹਾਂ ਨੂੰ ਦੇਖਣ ਲਈ ਹਰ ਸਾਲ ਹਜ਼ਾਰਾਂ ਸੈਲਾਨੀ ਆਉਂਦੇ ਹਨ। ਪਰ ਸੈਲਾਨੀਆਂ ਦੇ ਪਿੱਛੇ ਘੁੰਮਦੇ ਭਿਖਾਰੀ ਭਾਰਤ ਨੂੰ ਇੱਕ ਗਰੀਬ ਦੇਸ਼ ਵਜੋਂ ਪੇਸ਼ ਕਰਦੇ ਹਨ। ਬਾਹਰਲੇ ਲੋਕਾਂ ਦੇ ਦਿਲ ਵਿੱਚ ਦਿੱਲੀ ਦੀ ਚੰਗੀ ਤਸਵੀਰ ਬਣਾਉਣ ਲਈ, ਦਿੱਲੀ ਸਰਕਾਰ ਨੇ ਦਿੱਲੀ ਨੂੰ 'ਭਿਖਾਰੀ ਮੁਕਤ' ਕਰਨ ਦਾ ਫੈਸਲਾ ਕੀਤਾ ਹੈ। ਹੁਣ ਪਬਲਿਕ ਥਾਂਵਾਂ ਤੇ ਮੰਗਣ ਵਾਲੇ ਨੂੰ ਸਖਤ ਸਜ਼ਾ ਦਿੱਤੀ ਜਾਵੇਗੀ। ਬੇਘਰੇ ਲੋਕਾਂ ਲਈ ਨਵੇਂ ਘਰ ਬਣਾਏ ਜਾਣਗੇ ਤਾਂ ਕਿ ਇਸ ਸਮੱਸਿਆ ਦਾ ਹੱਲ ਹੋ ਸਕੇ।

**1 3 . 1** ਦਿੱਲੀ ਸੈਲਾਨੀਆਂ ਲਈ ਮਸ਼ਹੂਰ ਸ਼ਹਿਰ ਕਿਉਂ ਹੈ?

______________________________

**[1 mark]**

**1 3 . 2** ਦਿੱਲੀ ਸਰਕਾਰ ਸੈਲਾਨੀਆਂ ਤੇ ਚੰਗਾ ਪ੍ਰਭਾਵ ਪਾਉਣ ਲਈ ਕੀ ਕਰ ਰਹੀ ਹੈ?

______________________________

**[1 mark]**

**1 3 . 3** ਦਿੱਲੀ ਵਿੱਚ ਬੇਘਰੇ ਲੋਕਾਂ ਲਈ ਸਰਕਾਰ ਕੀ ਕਰ ਰਹੀ ਹੈ?

______________________________

**[1 mark]**

**There are no questions printed on this page**

**DO NOT WRITE ON THIS PAGE**

**ANSWER IN THE SPACES PROVIDED**

## 1 4 ਚੈਰਿਟੀ

ਤੁਸੀਂ ਇੱਕ ਔਨਲਾਈਨ ਫੋਰਮ ਤੇ ਚੈਰਿਟੀ ਵਾਲੀਆਂ ਸੰਸਥਾਵਾਂ ਬਾਰੇ ਵਿਚਾਰ ਪੜ੍ਹਦੇ ਹੋ।



ਸਾਨੂੰ ਚੈਰਿਟੀ ਵਾਲੀਆਂ ਸੰਸਥਾਵਾਂ ਨੂੰ ਦਿਲ ਖੋਲ੍ਹ ਕੇ ਦਾਨ ਦੇਣਾ ਚਾਹੀਦਾ ਹੈ ਕਿਉਂਕਿ ਉਹ ਹੜ੍ਹ, ਭੂਚਾਲ ਅਤੇ ਲੜਾਈ ਦੀ ਮਾਰ ਝੱਲ ਰਹੇ ਲੋਕਾਂ ਦੀ ਅੱਗੇ ਵਧ ਕੇ ਮਦਦ ਕਰਦੀਆਂ ਹਨ। ਆਮ ਲੋਕਾਂ ਕੋਲ ਇੰਨਾ ਸਮਾਂ ਕਿੱਥੇ ਕਿ ਆਪਣੇ ਕੰਮਾਂ ਕਾਰਾਂ ਤੋਂ ਵਿਹਲ ਕੱਢ ਕੇ ਲੋੜਵੰਦ, ਗਰੀਬ ਅਤੇ ਅਪਾਹਜ ਲੋਕਾਂ ਦੀ ਆਪ ਜਾ ਕੇ ਮਦਦ ਕਰ ਸਕਣ।

**ਅਮਰਜੋਤ**



ਚੈਰਿਟੀ ਵਾਲੀਆਂ ਸੰਸਥਾਵਾਂ ਗਰੀਬਾਂ ਅਤੇ ਬੇਵੱਸ ਲੋਕਾਂ ਦਾ ਵਾਸਤਾ ਦੇ ਕੇ ਭੋਲੇ-ਭਾਲੇ ਲੋਕਾਂ ਕੋਲੋਂ ਪੈਸੇ ਕਢਾਉਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ। ਸਾਰਾ ਪੈਸਾ ਜ਼ਰੂਰਤਮੰਦ ਲੋਕਾਂ ਕੋਲ ਨਹੀਂ ਪਹੁੰਚਦਾ ਸਗੋਂ ਇਨ੍ਹਾਂ ਸੰਸਥਾਵਾਂ ਨੂੰ ਚਲਾਉਣ ਵਾਲਿਆਂ ਦੇ ਘਰ ਜ਼ਰੂਰ ਭਰ ਜਾਂਦੇ ਹਨ। ਜੇ ਤੁਸੀਂ ਸੱਚਮੁੱਚ ਦਾਨ-ਪੁੰਨ ਕਰਨਾ ਚਾਹੁੰਦੇ ਹੋ ਤਾਂ ਆਪਣੇ ਹੱਥਾਂ ਨਾਲ ਬਿਪਤਾ ਦੇ ਮਾਰੇ ਲੋਕਾਂ ਦੀ ਆਪ ਮਦਦ ਕਰੋ।

**ਬਲਜੀਤ**



ਐਸੀ ਕੋਈ ਗੱਲ ਨਹੀਂ ਕਿ ਸਾਰੀਆਂ ਚੈਰਿਟੀ ਵਾਲੀਆਂ ਸੰਸਥਾਵਾਂ ਹੇਰਾ-ਫੇਰੀ ਕਰਦੀਆਂ ਹਨ। ਕੁਝ ਇੱਕ ਅਜਿਹੀਆਂ ਸੰਸਥਾਵਾਂ ਵੀ ਹਨ ਜੋ ਪੈਸੇ-ਪੈਸੇ ਦਾ ਹਿਸਾਬ ਦਾਨੀ ਸੱਜਣਾਂ ਨੂੰ ਦਿੰਦੀਆਂ ਹਨ। ਹਾਂ, ਆਪਣੇ ਖ਼ੂਨ ਪਸੀਨੇ ਦੀ ਕਮਾਈ ਵਿੱਚੋਂ ਦਾਨ-ਪੁੰਨ ਕਰਨ ਤੋਂ ਪਹਿਲਾਂ ਪੁੱਛ ਪੜਤਾਲ ਜ਼ਰੂਰ ਕਰ ਲੈਣੀ ਚਾਹੀਦੀ ਹੈ।

**ਰਵੀਨਾ**

ਸਹੀ ਵਿਅਕਤੀ ਦੀ ਚੋਣ ਕਰੋ।

ਲਿਖੋ

| | |
|---|---|
| **1** | ਅਮਰਜੋਤ |
| **2** | ਬਲਜੀਤ |
| **3** | ਰਵੀਨਾ |

**1 4 . 1** ਕਿਸੇ ਵੀ ਚੈਰਿਟੀ ਨੂੰ ਪੈਸੇ ਦੇਣ ਤੋਂ ਪਹਿਲਾਂ ਤੁਹਾਨੂੰ ਉਸਦੇ ਕੰਮਾਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ।

**[1 mark]**

**1 4 . 2** ਜੇ ਤੁਸੀਂ ਸਮਾਂ ਕੱਢ ਕੇ ਚੈਰਿਟੀ ਦੀ ਮਦਦ ਲਈ ਆਪ ਕੰਮ ਨਹੀਂ ਕਰ ਸਕਦੇ ਤਾਂ ਪੈਸੇ ਦੇਣਾ ਚੰਗੀ ਗੱਲ ਹੈ।

**[1 mark]**

**1 4 . 3** ਚੈਰਿਟੀ ਲਈ ਦਾਨ ਕੀਤੇ ਸਾਰੇ ਪੈਸੇ ਲੋੜਵੰਦਾਂ ਤੇ ਖਰਚ ਨਹੀਂ ਕੀਤੇ ਜਾਂਦੇ।

**[1 mark]**

**Section C** Translation into **English**

**1 5** Your friend has seen this post on Facebook and asks you to translate it for him into **English**.

> ਮੇਰੇ ਘਰ ਦੇ ਕੋਲ ਇੱਕ ਕ੍ਰਿਕਟ ਦਾ ਕਾਫੀ ਵੱਡਾ ਮੈਦਾਨ ਹੈ। ਐਤਵਾਰ ਨੂੰ ਇੱਥੇ ਕਈ ਨੌਜਵਾਨ ਕ੍ਰਿਕਟ ਖੇਡਣ ਆਉਂਦੇ ਹਨ ਕਿਉਂਕਿ ਸਕੂਲੋਂ ਛੁੱਟੀ ਹੁੰਦੀ ਹੈ। ਗਰਮੀਆਂ ਦੀਆਂ ਛੁੱਟੀਆਂ ਵਿੱਚ, ਮੈਂ ਆਪਣੇ ਦੋਸਤਾਂ ਨਾਲ ਹਰ ਰੋਜ਼ ਕਈ-ਕਈ ਘੰਟੇ ਕ੍ਰਿਕਟ ਖੇਡਦਾ ਹਾਂ। ਪਾਰਕ ਵਿੱਚ ਪੰਜਾਬੀ ਸੰਗੀਤ ਸਮਾਗਮ ਹੋਣ ਕਰਕੇ ਪੁਲੀਸ ਨੇ ਸਾਰਾ ਪਾਰਕ ਬੰਦ ਕੀਤਾ ਹੋਇਆ ਸੀ,, ਇਸ ਕਰਕੇ ਪਿਛਲੇ ਹਫਤੇ ਮੈਂ ਉੱਥੇ ਕ੍ਰਿਕਟ ਖੇਡਣ ਨਹੀਂ ਜਾ ਸਕਿਆ।

**[9 marks]**

**END OF QUESTIONS**

**There are no questions printed on this page**

**DO NOT WRITE ON THIS PAGE**

**ANSWER IN THE SPACES PROVIDED**

**There are no questions printed on this page**

**DO NOT WRITE ON THIS PAGE**

**ANSWER IN THE SPACES PROVIDED**

**There are no questions printed on this page**

**DO NOT WRITE ON THIS PAGE**

**ANSWER IN THE SPACES PROVIDED**

**There are no questions printed on this page**

**DO NOT WRITE ON THIS PAGE**

**ANSWER IN THE SPACES PROVIDED**

**References:**

Question 2 © iStock.com/Nikada
Question 4 Rajan © iStock.com/Vikram Raghuvanshi
Question 4 Priya © iStock.com/ Vikram Raghuvanshi
Question 5 Gurpreet © iStock.com/Drazen_
Question 5 Jasbir © iStock.com/digitalskillet
Question 7 female © iStock.com/GordonsLife
Question 7 male © iStock.com/mantosh
Question 8 Abridged and adapted extract from *Matak Hularey, Bhai Veer Singh*
Question 11 Abridged and adapted extract from *Heer Daa Ranjhe Nu Chuchak Kol Lai Jana*, *Waris Shah* Question 14 female1 © iStock.com/JPWALLET
Question 14 male © iStock.com/AtomicSparkle
Question 14 female2 © iStock.com/AtomicSparkle

Copyright © 2025 AQA and its licensors. All rights reserved.